ਕਰਮਚਾਰੀਆਂ ਦੀ ਇਮੀਗ੍ਰੇਸ਼ਨ ਸਥਿਤੀ ਕੁਝ ਵੀ ਹੋਵੇ, ਇਹ ਕਾਨੂੰਨ ਕਰਮਚਾਰੀਆਂ ਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ। ਇਸ ਅਧੀਨ ਆਉਣ ਵਾਲੇ ਰੁਜ਼ਗਾਰਦਾਤਾਵਾਂ ਲਈ ਇਹਨਾਂ ਕਾਨੂੰਨਾਂ ਦੀ ਪਾਲਣਾ ਕਰਨਾ ਲਾਜ਼ਮੀ ਹੈ। ਜਵਾਬੀ-ਕਾਰਵਾਈ ਕਰਨਾ ਗੈਰ-ਕਾਨੂੰਨੀ ਹੈ।

**ਲਾਗੂ ਹੋਣ ਦੀਆਂ ਮਿਤੀਆਂ ਵੱਖ-ਵੱਖ ਹਨ, 1 ਜੁਲਾਈ, 2020 ਤੋਂ ਸ਼ੁਰੂ ਹੋ ਰਿਹਾ ਹੈ**

Office of Labor Standards (OLS, ਆਫਿਸ ਆਫ ਲੇਬਰ ਸਟੈਂਡਰਡਜ਼) ਦਾ ਮਿਸ਼ਨ ਨਸਲ ਅਤੇ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ ਦੇ ਨਾਲ-ਨਾਲ, ਵਿਚਾਰਸ਼ੀਲ ਭਾਈਚਾਰਕ ਅਤੇ ਵਪਾਰਕ ਸ਼ਮੂਲੀਅਤ, ਰਣਨੀਤਕ ਲਾਗੂਕਰਨ ਅਤੇ ਨਵੀਨਤਾਕਾਰੀ ਨੀਤੀ ਦਾ ਵਿਕਾਸ ਕਰਕੇ ਕਿਰਤ ਦੀਆਂ ਮਿਆਰਾਂ ਨੂੰ ਅੱਗੇ ਵਧਾਉਣਾ ਹੈ।

ਇਹ ਪੋਸਟਰ ਕੰਮ ਵਾਲੀ ਥਾਂ 'ਤੇ ਇੱਕ ਧਿਆਨ ਵਿੱਚ ਆਉਣ ਯੋਗ ਖੇਤਰ ਵਿੱਚ, ਅੰਗਰੇਜ਼ੀ ਅਤੇ ਕਰਮਚਾਰੀਆਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਵਿੱਚ ਲਗਾਇਆ ਜਾਣਾ ਚਾਹੀਦਾ ਹੈ। Office of Labor Standards ਦੁਭਾਸ਼ੀਆ ਅਤੇ ਅਨੁਵਾਦ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਅਪਾਹਜ ਲੋਕਾਂ ਲਈ ਰਿਹਾਈਸ਼ੀ ਪ੍ਰਬੰਧ ਉਪਲਬਧ ਕਰਵਾਉਂਦਾ ਹੈ।

# ਸਹਾਇਕ ਹੋਟਲ ਕਾਰੋਬਾਰਾਂ ਦੇ ਕਰਮਚਾਰੀਆਂ ਲਈ ਅਧਿਕਾਰਾਂ ਦਾ ਨੋਟਿਸ ਕਰਮਚਾਰੀ ਵਜ ਹਾਸਲ ਆਪਣੇ ਅਿਧਕਾਰਾਂ ਬਾਰੇ ਜਾਣੋ ਜਵਾਬੀ-ਕਾਰਵਾਈ

## ਕੀ ਇਹ ਤੁਹਾਡੇ 'ਤੇ ਲਾਗੂ ਹੁੰਦਾ ਹੈ?

### ਸਹਾਇਕ ਹੋਟਲ ਕਾਰੋਬਾਰ ਕੀ ਹੁੰਦਾ ਹੈ?

ਇੱਕ ਕਾਰੋਬਾਰ ਨੂੰ AHB ਮੰਨਿਆ ਜਾਂਦਾ ਹੈ ਜੇਕਰ ਕਾਰੋਬਾਰ ਕਿਸੇ ਹੋਲਟ ਦੇ ਨਾਲ ਇਹਨਾਂ ਵਿੱਚੋਂਕਿਸੇ ਕਿਸਮ ਨਾਲ ਜੁੜਿਆ ਹੋਇਆ ਹੈ:

1. ਮਹਿਮਾਨਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਕਾਰੋਬਾਰ ਕਿਸੇ ਹੋਟਲ ਨਾਲ ਸਮੇਂ-ਸਮੇਂ 'ਤੇ ਕਾਨਟ੍ਰੈਕਟ ਕਰਦਾ ਹੈ
2. ਮਹਿਮਾਨਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਕਾਰੋਬਾਰ ਹੋਟਲ ਵਿੱਚ ਜਗ੍ਹਾ ਲੀਜ਼ 'ਤੇ ਲੈਂਦਾ ਹੈ, ਜਾਂ
3. ਕਾਰੋਬਾਰ ਦਾ ਪ੍ਰਵੇਸ਼ ਦੁਆਰ ਹੋਟਲ ਦੇ ਅੰਦਰ ਹੈ ਅਤੇ ਕਾਰੋਬਾਰ ਮਹਿਮਾਨਾਂ ਅਤੇ ਪਬਲਿਕ ਨੂੰ ਖਾਣ-ਪੀਣ ਦਾ ਸਮਾਨ ਉਪਲਬਧ ਕਰਵਾਉਂਦਾ ਹੈ

ਕਵਰ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਉਹ ਸੇਵਾਵਾਂ ਸ਼ਾਮਲ ਹਨ ਜੋ ਹੋਟਲ ਦੁਆਰਾ ਥੋੜ੍ਹੇ ਸਮੇਂ ਲਈ ਰਹਿਣ ਵਾਲੇ ਮਹਿਮਾਨਾਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ ਖਾਣ-ਪੀਣ, ਮਨੋਰੰਜਨ, ਕਾਨਫਰੰਸ ਰੂਮ ਅਤੇ ਸੰਮੇਲਨ, ਲਾਂਡਰੀ ਅਤੇ ਪਾਰਕਿੰਗ ਸ਼ਾਮਲ ਹੈ।

ਤੁਸੀਂ ਜਿਸ ਕਾਰੋਬਾਰ ਲਈ ਕੰਮ ਕਰਦੇ ਹੋ ਉਹ AHB ਹੈ ਜਾਂ ਨਹੀਂ, ਇਸ ਬਾਰੇ ਹੋਰ ਜਾਣਕਾਰੀ ਲਈ ਕਿ ਕਿਰਪਾ ਕਰਕੇ Office of Labour Standards ਦੀ ਵੈੱਬਸਾਈਟ 'ਤੇ ਜਾਓ।

## ਡਾਕਟਰੀ ਦੇਖਭਾਲ ਤੱਕ ਪਹੁੰਚ

### ਸਿਹਤ ਦੇਖਭਾਲ ਲਈ ਰੁਜ਼ਗਾਰਦਾਤਾਵਾਂ ਨੂੰ ਖਰਚੇ ਦਾ ਭੁਗਤਾਨ ਕਰਨਾ ਜ਼ਰੂਰੀ ਹੈ

**ਇਹ ਕਿਸ ਉੱਤੇ ਲਾਗੂ ਹੁੰਦਾ ਹੈ?**

ਘੰਟੇ ਅਨੁਸਾਰ ਕੰਮ ਕਰਨ ਵਾਲੇ ਕਰਮਚਾਰੀ ਜੋ (1) 50 ਜਾਂ ਵੱਧ ਕਰਮਚਾਰੀਆਂ ਵਾਲੇ AHB ਲਈ ਕੰਮ ਕਰਦੇ ਹਨ, ਅਤੇ 100 ਜਾਂ ਵੱਧ ਕਮਰਿਆਂ ਵਾਲੇ ਹੋਟਲ ਨਾਲ ਜੁੜੇ ਹੋਏ ਹਨ, ਅਤੇ (2) ਹਰ ਮਹੀਨੇ ਔਸਤਨ 80 ਜਾਂ ਵੱਧ ਘੰਟੇ ਕੰਮ ਕਰਦੇ ਹਨ। ਸੁਪਰਵਾਈਜ਼ਰਾਂ, ਮੈਨੇਜਰਾਂ ਜਾਂ ਕੁਝ ਖਾਸ ਕਰਮਚਾਰੀਆਂ 'ਤੇ ਲਾਗੂ ਨਹੀਂ ਹੁੰਦਾ ਜੋ ਕਿਰਤ ਸਬੰਧਾਂ ਬਾਰੇ ਪ੍ਰਬੰਧਨ ਨੀਤੀਆਂ ਨੂੰ ਨਿਰਧਾਰਤ ਕਰਨ ਵਿੱਚ ਮਦਦ ਕਰਦੇ ਹਨ।

**ਕਰਮਚਾਰੀਆਂ ਕੋਲ ਇਹ ਅਧਿਕਾਰ ਹਨ:**

- ਰੁਜ਼ਗਾਰਦਾਤਾ ਦੁਆਰਾ ਦਿੱਤੇ ਜਾਣ ਵਾਲੇ ਸਿਹਤ ਦੇਖਭਾਲ ਖਰਚਿਆਂ ਦੁਆਰਾ ਡਾਕਟਰੀ ਦੇਖਭਾਲ ਤੱਕ ਬਿਹਤਰ ਪਹੁੰਚ ਹਾਸਲ ਕਰਨ ਦਾ ਅਧਿਕਾਰ
- ਰੁਜ਼ਗਾਰਦਾਤਾ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵੱਧ ਤਰੀਕੇ ਨਾਲ ਖਰਚਾ ਕਰ ਸਕਦੇ ਹਨ:
  (1) ਆਮ ਆਮਦਨੀ ਭੁਗਤਾਨ
  (2) ਰੁਜ਼ਗਾਰਦਾਤਾ ਦੁਆਰਾ ਸਪਾਂਸਰ ਕੀਤੇ ਸਿਹਤ ਬੀਮਾ ਪਲਾਨ ਲਈ ਭੁਗਤਾਨ, ਅਤੇ/ਜਾਂ
  (3) ਟੈਕਸ-ਅਨੁਕੂਲ ਸਿਹਤ ਪਲਾਨ ਵਿੱਚ ਭੁਗਤਾਨ (ਉਦਾਹਰਨ ਲਈ ਸਿਹਤ ਬਚਤ ਖਾਤੇ)

**ਮੌਜੂਦਾ ਕੀਮਤਾਂ ਦਾ ਪਤਾ ਲਗਾਉਣ ਲਈ QR ਕੋਡ ਸਕੈਨ ਕਰੋ ਜਾਂ ਇੱਥੇ ਕਲਿੱਕ ਕਰੋ।**

## ਹਿੰਸਾ ਤੋਂ ਸੁਰੱਖਿਆ

### ਮਹਿਮਾਨਾਂ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਤੋਂ ਕਰਮਚਾਰੀਆਂ ਦੀ ਰੱਖਿਆ ਕਰਦਾ ਹੈ

**ਇਹ ਕਿਸ ਉੱਤੇ ਲਾਗੂ ਹੁੰਦਾ ਹੈ?**

AHB ਵਿੱਚ ਘੰਟੇ ਅਨੁਸਾਰ ਕੰਮ ਕਰਨ ਵਾਲੇ ਕਰਮਚਾਰੀ ਜੋ 60 ਜਾਂ ਵੱਧ ਕਮਰਿਆਂ ਵਾਲੇ ਹੋਟਲ ਨਾਲ ਜੁੜੇ ਹੋਏ ਹਨ

**ਕਰਮਚਾਰੀਆਂ ਕੋਲ ਇਹ ਅਧਿਕਾਰ ਹਨ:**

- ਕਿਸੇ ਹੋਟਲ ਦੇ ਗੈਸਟ ਰੂਮ ਵਿੱਚ ਕੰਮ ਕਰਨ ਜਾਂ ਡਿਲੀਵਰੀ ਕਰਨ ਵਾਲੇ ਕਰਮਚਾਰੀਆਂ ਨੂੰ ਪੈਨਿਕ ਬਟਨਾਂ (ਹੋਟਲ ਦੁਆਰਾ ਸਪਲਾਈ ਕੀਤੇ ਜਾਂਦੇ ਹਨ) ਤੱਕ ਪਹੁੰਚ ਕਰਨ ਦਾ ਅਧਿਕਾਰ
- ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਮਹਿਮਾਨ ਦੇ ਵਿਵਹਾਰ ਦੀ ਰਿਪੋਰਟ ਆਪਣੇ ਮਾਲਕ ਨੂੰ ਕਰਨ ਦਾ ਅਧਿਕਾਰ
- ਹੋਟਲ ਦੇ ਮਹਿਮਾਨਾਂ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਤੋਂ ਸੁਰੱਖਿਅਤ ਰਹਿਣ ਦਾ ਅਧਿਕਾਰ
- ਜੇਕਰ ਹੋਟਲ ਦੇ ਕਿਸੇ ਮਹਿਮਾਨ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਲਈ ਰਿਪੋਰਟ ਕੀਤੀ ਗਈ ਹੈ ਤਾਂ ਉਸ ਮਹਿਮਾਨ ਦੇ ਕਮਰੇ ਵਿੱਚ ਕੰਮ ਜਾਂ ਡਿਲਿਵਰੀ ਕਰਨ ਦੀ ਜ਼ਿੰਮੇਵਾਰੀ ਨਾ ਲੈਣ ਦਾ ਅਧਿਕਾਰ

**ਜੇਕਰ ਕੋਈ ਕਰਮਚਾਰੀ ਕਥਿਤ ਤੌਰ 'ਤੇ ਮਹਿਮਾਨ ਦੇ ਹਿੰਸਕ ਜਾਂ ਪਰੇਸ਼ਾਨ ਕਰਨ ਵਾਲੇ ਵਿਵਹਾਰ ਦਾ ਸ਼ਿਕਾਰ ਹੁੰਦਾ ਹੈ, ਤਾਂ ਉਸ ਕੋਲ ਇਹ ਅਧਿਕਾਰ ਹਨ:**

- ਉਹਨਾਂ ਦੀ ਮਰਜ਼ੀ ਨਾਲ ਕਿਸੇ ਵੱਖਰੇ ਕਾਰਜ ਖੇਤਰ ਵਿੱਚ ਦੁਬਾਰਾ ਡਿਊਟੀ ਲਗਾਉਣ ਦਾ ਅਧਿਕਾਰ
- ਕਾਨੂੰਨੀ ਅਧਿਕਾਰੀਆਂ ਅਤੇ ਕਰਮਚਾਰੀ ਦੀ ਪਸੰਦ ਦੇ ਸਹਾਇਕ ਵਿਅਕਤੀ ਨਾਲ ਗੱਲ ਕਰਨ ਲਈ ਤਨਖਾਹ-ਸਹਿਤ ਛੁੱਟੀ ਲੈਣ ਦਾ ਅਧਿਕਾਰ
- ਸਹਾਇਤਾ ਸੇਵਾਵਾਂ, ਸਰੋਤਾਂ, ਅਤੇ/ਜਾਂ ਰੈਫਰਲ ਲਈ King County Sexual Assault Resource Center ਨਾਲ ਸੰਪਰਕ ਕਰਨ ਦਾ ਅਧਿਕਾਰ ਕਾਲ ਕਰੋ (24 ਘੰਟੇ ਦੀ ਲਾਈਨ): 1-888-998-6423
- Revised Code of Washington (ਵਾਸ਼ਿੰਗਟਨ ਦੇ ਸੰਸ਼ੋਧਿਤ ਕੋਡ) 7.69.030 ਵਿੱਚ ਦਿੱਤੇ ਅਨੁਸਾਰ ਅਪਰਾਧ ਪੀੜਤ ਵਕੀਲ ਨਾਲ ਸੰਪਰਕ ਕਰਨ ਦਾ ਅਧਿਕਾਰ

## ਨੌਕਰੀ ਕਾਇਮ ਰੱਖਣਾ

### ਮਲਕੀਅਤ ਵਿੱਚ ਤਬਦੀਲੀ ਹੋਣ ਤੋਂ ਬਾਅਦ ਕਰਮਚਾਰੀਆਂ ਨੂੰ ਕਾਇਮ ਰੱਖਣਾ ਜ਼ਰੂਰੀ ਹੈ

**ਇਹ ਕਿਸ ਉੱਤੇ ਲਾਗੂ ਹੁੰਦਾ ਹੈ?**

ਘੰਟੇ ਅਨੁਸਾਰ ਕੰਮ ਕਰਨ ਵਾਲੇ ਕਰਮਚਾਰੀ ਜੋ (1) 50 ਜਾਂ ਵੱਧ ਕਰਮਚਾਰੀਆਂ ਵਾਲੇ AHB ਲਈ ਕੰਮ ਕਰਦੇ ਹਨ, ਅਤੇ 60 ਜਾਂ ਵੱਧ ਕਮਰਿਆਂ ਵਾਲੇ ਹੋਟਲ ਨਾਲ ਜੁੜੇ ਹੋਏ, ਅਤੇ (2) ਜਿਹਨਾਂ ਨੇ AHB ਦੇ ਵਿਕਣ ਤੋਂ ਘੱਟੋ-ਘੱਟ 30 ਦਿਨ ਪਹਿਲਾਂ AHB ਲਈ ਕੰਮ ਕੀਤਾ ਹੈ। ਸੁਪਰਵਾਈਜ਼ਰਾਂ, ਮੈਨੇਜਰਾਂ ਜਾਂ ਕੁਝ ਖਾਸ ਕਰਮਚਾਰੀਆਂ 'ਤੇ ਲਾਗੂ ਨਹੀਂ ਹੁੰਦਾ ਜੋ ਕਿਰਤ ਸਬੰਧਾਂ ਬਾਰੇ ਪ੍ਰਬੰਧਨ ਨੀਤੀਆਂ ਨੂੰ ਨਿਰਧਾਰਤ ਕਰਨ ਵਿੱਚ ਮਦਦ ਕਰਦੇ ਹਨ।

**ਕਰਮਚਾਰੀਆਂ ਕੋਲ ਇਹ ਅਧਿਕਾਰ ਹਨ:**

- ਕਾਰੋਬਾਰ ਦੀ ਮਲਕੀਅਤ ਬਦਲਣ ਦਾ ਨੋਟਿਸ ਪ੍ਰਾਪਤ ਕਰਨ ਦਾ ਅਧਿਕਾਰ
- ਨਵੇਂ ਰੁਜ਼ਗਾਰਦਾਤਾ ਵੱਲੋਂ ਨੌਕਰੀ ਲਈ ਲਿਖਤੀ ਔਫਰ ਹਾਸਲ ਕਰਨ ਦਾ ਅਧਿਕਾਰ (ਅਹੁਦੇ ਦੇ ਅਨੁਸਾਰ ਔਫਰ)
- ਨਵੇਂ ਰੁਜ਼ਗਾਰਦਾਤਾ ਕੋਲ ਨੱਬੇ ਦਿਨਾਂ ਦੀ ਨੌਕਰੀ ਦਾ ਅਧਿਕਾਰ, ਜਦੋਂ ਤੱਕ ਕਿ ਕਰਮਚਾਰੀ ਨੂੰ ਬਰਖਾਸਤ ਕਰਨ ਦਾ ਕੋਈ ਕਾਰਨ ਨਾ ਹੋਵੇ ਜਾਂ ਲੇਔਫ ਦੀ ਲੋੜ ਨਾ ਪਵੇ (ਅਹੁਦੇ ਅਨੁਸਾਰ ਲੇਔਫ)
- 90 ਦਿਨਾਂ 'ਤੇ ਪ੍ਰਦਰਸ਼ਨ ਦੇ ਮੁਲਾਂਕਣ ਦਾ ਅਧਿਕਾਰ

ਹਰੇਕ ਕਾਨੂੰਨ ਦੇ ਲਾਗੂ ਹੋਣ ਦੀਆਂ ਮਿਤੀਆਂ ਬਾਰੇ ਜਾਣਕਾਰੀ ਦੇ ਲਈ ਵੈੱਬਸਾਈਟ ਦੇਖੋ।

## ਕਰਮਚਾਰੀ ਵਜੋਂ ਹਾਸਲ ਆਪਣੇ ਅਧਿਕਾਰਾਂ ਬਾਰੇ ਜਾਣੋ

**ਜਵਾਬੀ-ਕਾਰਵਾਈ ਕਰਨਾ ਗੈਰ-ਕਾਨੂੰਨੀ ਹੈ:** ਇਹ ਕਾਨੂੰਨ ਕਰਮਚਾਰੀਆਂ ਨੂੰ ਆਪਣੇ ਅਧਿਕਾਰਾਂ ਦਾ ਅਨੰਦ ਲੈਣ ਅਤੇ ਉਹਨਾਂ ਦੀ ਵਰਤੋਂ ਕਰਨ ਲਈ ਜਵਾਬੀ-ਕਾਰਵਾਈ ਤੋਂ ਬਚਾਉਂਦੇ ਹਨ।

**ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ:** ਜੇਕਰ ਕੋਈ ਮਾਲਕ ਇਹਨਾਂ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ ਤਾਂ ਕਰਮਚਾਰੀਆਂ ਨੂੰ OLS ਕੋਲ ਸ਼ਿਕਾਇਤ ਦਰਜ ਕਰਨ ਜਾਂ ਮੁਕੱਦਮਾ ਦਾਇਰ ਕਰਨ ਦਾ ਅਧਿਕਾਰ ਹੈ।


**ਸੰਪਰਕ ਕਰੋ:**
OFFICE OF LABOR STANDARDS

**ਰੁਜ਼ਗਾਰਦਾਤਾ**
ਪਾਲਣਾ ਕਰਨ ਸੰਬੰਧੀ ਸਹਾਇਤਾ ਅਤੇ/ਜਾਂ ਸਿਖਲਾਈ ਪ੍ਰਾਪਤ ਕਰੋ

**ਕਰਮਚਾਰੀ**
OLS ਕੋਲ ਸ਼ਿਕਾਇਤ ਦਰਜ ਕਰੋ ਜਾਂ ਅਦਾਲਤ ਵਿੱਚ ਮੁਕੱਦਮਾ ਦਾਇਰ ਕਰੋ

**206-256-5297**
www.seattle.gov/laborstandards

810 THIRD AVE, SUITE 375 SEATTLE, WA 98104 | LABORSTANDARDS@SEATTLE.GOV